# ਡਾਇਰੈਕਟਰ ਆਫ ਫੈਕਟਰੀਜ., ਪੰਜਾਬ,

ਐਸ.ਸੀ.ਓ.ਨੰ: 87-88, ਸੈਕਟਰ 17-ਡੀ, ਚੰਡੀਗੜ੍ਹ।

ਸੇਵਾ ਵਿਖੇ,

ਮੈਸ: ਸਾਈ ਟੈਕ ਇੰਡਸਟਰੀਜ,
ਐਫ-305, ਫੇਜ-8-ਬੀ, ਇੰਡਸਟਰੀਅਲ ਏਰੀਆ,
ਐਸ. ਏ. ਐਸ. ਨਗਰ।

ਨੰ:ਐਸਏਸੀ/617/13/7448
ਮਿਤੀ: ਚੰਡੀਗੜ੍ਹ: 30-08-13

ਵਿਸ਼ਾ :- ਐਸ.ਸੀ.ਏ-ਕਮ-ਐਸ.ਏ.ਸੀ.ਪਾਸੋਂ ਛੋਟ ਲੈਣ ਲਈ ਐਨ.ਓ.ਸੀ.ਜ਼ਾਰੀ ਕਰਨ ਬਾਰੇ।

****

ਹਵਾਲਾ :- ਡਿਪਟੀ ਡਾਇਰੈਕਟਰ ਆਫ ਫੈਕਟਰੀਜ, ਐਸ.ਏ.ਐਸ.ਨਗਰ ਦਾ ਪੱਤਰ ਨੰ:866 ਮਿਤੀ 01-08-2013 ਉਪਰੋਕਤ ਵਿਸ਼ੇ ਸਬੰਧੀ।

ਹਵਾਲਾ ਅਧੀਨ ਪੱਤਰ ਰਾਹੀਂ ਡਿਪਟੀ ਡਾਇਰੈਕਟਰ ਆਫ ਫੈਕਟਰੀਜ, ਐਸ.ਏ.ਐਸ.ਨਗਰ ਵਲੋਂ ਭੇਜੀ ਗਈ ਰਿਪੋਰਟ ਨੂੰ ਘੋਖਣ ਉਪਰੰਤ ਆਪ ਨੂੰ ਅਦਾਰੇ ਅੰਦਰ ਜਿੰਕ ਇਲੈਕਟ੍ਰੋਪਲੇਟਿੰਗ ਦਾ ਕੰਮ ਕਰਨ ਲਈ ਹੇਠ ਲਿਖੀਆਂ ਸ਼ਰਤਾਂ ਤੇ ਐਨ.ਓ.ਸੀ. ਜਾਰੀ ਕੀਤਾ ਜਾਂਦਾ ਹੈ :-

1. ਚਾਰਟਰਡ ਅਕਾਉਂਟੈਂਟ ਵਲੋਂ ਦਿੱਤੇ ਗਏ ਪਲਾਂਟ ਦੀ ਕੀਮਤ ਬਾਰੇ ਸਰਟੀਫਿਕੇਟ ਅਨੁਸਾਰ ਪਲਾਂਟ ਲਗਾਇਆ ਜਾਵੇਗਾ।
2. ਜੇਕਰ ਆਪ ਅਦਾਰੇ ਦੀ ਸਮਰਥਾ ਵਿੱਚ ਵਾਧਾ ਕਰੋਗੇ ਜਾਂ ਫੈਕਟਰੀਜ ਐਕਟ,1948 ਦੀ ਧਾਰਾ 2 (ਸੀ ਬੀ) ਅਧੀਨ ਬਣੇ ਪਹਿਲੇ ਸ਼ਡਿਊਲ ਵਿੱਚ ਆਉਂਦੀ ਕੋਈ ਪ੍ਰੋਸੈਸ ਆਰੰਭ ਕਰੋਗੇ ਤਾਂ ਆਪ ਨੂੰ ਸਾਈਟ ਅਪਰੇਜਲ ਕਮੇਟੀ ਪਾਸੋਂ ਥਾਂ ਦੀ ਪ੍ਰਵਾਨਗੀ ਲੈਣੀ ਪਵੇਗੀ।
3. ਫੈਕਟਰੀ ਦੀ ਇਮਾਰਤ ਦੀ ਉਸਾਰੀ ਕਰਨ ਤੋਂ ਪਹਿਲਾਂ ਪ੍ਰਸਤਾਵਿਤ ਨਕਸ਼ੇ/ਫਾਰਮ ਦੀ ਪ੍ਰਵਾਨਗੀ ਡਾਇਰੈਕਟਰ ਆਫ ਫੈਕਟਰੀਜ, ਪੰਜਾਬ ਤੋਂ ਲੈਣੀ ਪਵੇਗੀ।
4. ਆਪ ਨੂੰ ਪੰਜਾਬ ਫੈਕਟਰੀ ਰੂਲਜ,1952 ਦੇ ਰੂਲ 102 ਹੇਠ ਬਣੇ ਸ਼ਡਿਊਲ-2 ਦੀ ਪਾਲਣਾ ਕਰਨੀ ਪਵੇਗੀ।
5. ਆਪ ਨੂੰ ਫੈਕਟਰੀਜ ਐਕਟ, 1948 ਅਤੇ ਇਸ ਦੇ ਤਹਿਤ ਬਣੇ ਪੰਜਾਬ ਫੈਕਟਰੀ ਰੂਲ,1952 ਦੀ ਪਾਲਣਾ ਕਰਨੀ ਪਵੇਗੀ।
6. ਕਿਰਤੀਆਂ ਨੂੰ ਕੰਮ ਵਾਲੀ ਜਗ੍ਹਾਂ ਤੇ ਖਾਣ-ਪੀਣ ਦੀ ਮਨਾਹੀ ਹੋਵੇਗੀ।
7. ਆਪ ਵਲੋਂ ਇਲੈਕਟਰੋਪਲੇਟਿੰਗ ਸਬੰਧੀ ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਵਲੋਂ ਨਿਰਧਾਰਿਤ ਕੀਤੀਆਂ ਸ਼ਰਤਾਂ ਦੀ ਪਾਲਣਾ ਕੀਤੀ ਜਾਵੇਗੀ।

ਸਹੀ/-
ਵਧੀਕ ਡਾਇਰੈਕਟਰ ਆਫ ਫੈਕਟਰੀਜ,
ਵਾਸਤੇ ਡਾਇਰੈਕਟਰ ਆਫ ਫੈਕਟਰੀਜ, ਪੰਜਾਬ।

ਪਿੱਠ ਅੰਕਣ ਨੰ:7449-50
ਮਿਤੀ: ਚੰਡੀਗੜ੍ਹ: 30-08-13

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ :-

1. ਡਿਪਟੀ ਡਾਇਰੈਕਟਰ ਆਫ ਫੈਕਟਰੀਜ, ਐਸ.ਏ.ਐਸ.ਨਗਰ।
2. ਡਿਪਟੀ ਕਿਰਤ ਕਮਿਸ਼ਨਰ (ਮੁੱਖ ਦਫਤਰ) ਨੋਡਲ ਅਫਸਰ ਨੂੰ ਵੈਬ ਸਾਈਟ ਤੇ ਅੱਪ ਲੋਡ ਕਰਵਾਉਣ ਲਈ।

ਸਹੀ/-
ਵਧੀਕ ਡਾਇਰੈਕਟਰ ਆਫ ਫੈਕਟਰੀਜ,
ਵਾਸਤੇ ਡਾਇਰੈਕਟਰ ਆਫ ਫੈਕਟਰੀਜ, ਪੰਜਾਬ।